a2zpapers.com

www.a2zpapers.com

**Exam. Code : 108102**
**Subject Code : 2638**

## Bachelor of Fine Arts 2nd Semester

## ਪੰਜਾਬੀ ਲਾਜ਼ਮੀ

## Paper–VIII Opt. (i)

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਕਿਸੇ **ਇੱਕ** ਨਿਬੰਧ ਦਾ ਸਾਰ/ਵਿਸ਼ਾ-ਵਸਤੂ ਲਿਖੋ :

   (ੳ) ਅੱਖਾਂ

   (ਅ) ਕੰਪਿਊਟਰ ਅਤੇ ਇੰਟਰਨੈੱਟ। 10

2. ਉਜਾੜ ਕਹਾਣੀ ਦਾ ਸਾਰ ਲਿਖੋ।

   **ਜਾਂ**

   ਘੋਟਣਾ ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10

3. ਪੜਨਾਵ ਦੇ ਕਿੰਨੇ ਭੇਦ ਹਨ ? ਉਦਾਹਰਣਾਂ ਦੇ ਕੇ ਸਪੱਸ਼ਟ ਕਰੋ। 5

4. ਪੰਜਾਬੀ ਸ਼ਬਦ ਬਣਤਰ ਦੇ ਮੁੱਢਲੇ ਸੰਕਲਪਾਂ ਬਾਰੇ ਜਾਣਕਾਰੀ ਦਿਉ। 5

5. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਉਪਰ ਪੈਰਾ ਰਚਨਾ ਕਰੋ :

   (ੳ) ਕਾਲਜ ਦੀ ਕੰਟੀਨ

   (ਅ) ਬਜ਼ੁਰਗਾਂ ਦੀ ਸਾਂਭ-ਸੰਭਾਲ

   (ੲ) ਪੰਜਾਬ ਦੀਆਂ ਰੁੱਤਾਂ। 5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

6. ਕੁਰੂਕਸ਼ੇਤਰ ਦੀ ਧਰਤੀ ਉਹ ਪਵਿੱਤਰ ਧਰਤੀ ਹੈ ਜਿਸ ਵਿੱਚ ਯੁੱਧ ਲੜਿਆ ਗਿਆ। ਇਹ ਪਵਿੱਤਰ ਸੀ ਇਸੇ ਲਈ ਭੀਸ਼ਮ ਤੇ ਪਰਸ਼ੂਰਾਮ ਇਸੇ ਸਥਾਨ ਤੇ ਪ੍ਰਾਣ ਛੱਡਣਾ ਚਾਹੁੰਦੇ ਸਨ। ਇਸੇ ਭੂਮੀ ਤੋਂ ਹੀ ਭਗਵਾਨ ਕ੍ਰਿਸ਼ਨ ਦੀ ਗੀਤਾ ਦਾ ਸੰਦੇਸ਼ ਉਪਜਿਆ ਨਿਰਾਸ਼ ਅਰਜੁਨ ਨੂੰ ਆਪਣੇ ਕਰਤੱਵ ਦੀ ਪਛਾਣ ਕਰਵਾਈ ਅਤੇ ਸੰਪੂਰਨ ਮਾਨਵ ਜਾਤੀ ਵਿੱਚ ਉਤਸ਼ਾਹ ਤੇ ਪ੍ਰੇਰਨਾ ਦਾ ਸੰਚਾਰ ਕੀਤਾ। ਸ੍ਰੀ ਭਗਵਤਗੀਤਾ ਉਹ ਮਹੱਤਵਪੂਰਨ ਰਚਨਾ ਹੈ ਜਿਸ ਨੇ ਨਾ ਕੇਵਲ ਭਾਰਤੀ ਦਾਰਸ਼ਨਿਕਾਂ ਪਰੰਤੂ ਸੰਸਾਰ ਦੇ ਚਿੰਤਕਾਂ ਦਾ ਮਾਰਗ ਦਰਸ਼ਨ ਕੀਤਾ ਹੈ। ਇਸ ਸੰਘਰਿਤ ਪਰ ਸੰਖਿਪਤ ਗ੍ਰੰਥ ਵਿੱਚ ਕਾਰਜ ਪਰਾਇਣਤਾ, ਤਿਆਗ, ਯੋਗ ਭਗਤੀ ਅਤੇ ਆਤਮ ਗਿਆਨ ਦੇ ਜਿਹੜੇ ਸੰਦੇਸ਼ ਮਿਲਦੇ ਹਨ, ਵਾਸਤਵ ਵਿੱਚ ਉਹ ਭਾਰਤੀ ਸੱਭਿਆਚਾਰ ਦੇ ਸਾਧਨਾਂ ਦੇ ਆਧਾਰ ਹਨ।

ਉਪਰਲੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(1) ਧਰਮ ਯੁੱਧ ਵਿੱਚ ਕਿਨ੍ਹਾਂ ਨੇ ਪ੍ਰਾਣ ਛੱਡੇ ?

(2) ਗੀਤਾ ਦਾ ਮੁੱਖ ਸੰਦੇਸ਼ ਕਿਥੇ ਉਪਜਿਆ ?

(3) ਭਗਵਤਗੀਤਾ ਦੀ ਮਹੱਤਤਾ ਕਿਸ ਕਰਕੇ ਹੈ ?

(4) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।

(5) ਔਖੇ ਸ਼ਬਦਾਂ ਦੇ ਅਰਥ ਲਿਖੋ। ਪੈਰ੍ਹੇ ਵਿੱਚ ਉਹਨਾਂ ਨੂੰ ਲਕੀਰ ਕੇ ਦਰਜ ਕੀਤਾ ਹੈ। 5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

7. **ਪੰਜ** ਅਖਾਣਾਂ ਤੇ **ਪੰਜ** ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ :

ਅਖਾਣ : ਉਹ ਦਿਨ ਡੁੱਬਾ ਜਿੱਦਣ ਘੋੜੀ ਚੜ੍ਹਿਆ ਕੁੱਬਾ, ਉਹ ਫਿਰੇ ਨੱਥ ਘੜਾਉਣ ਨੂੰ, ਉਹ ਫਿਰੇ ਨੱਕ ਵਢਾਉਣ ਨੂੰ, ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਉਹੀ ਰਾਣੀ ਜੋ ਖ਼ਸਮੇ ਭਾਣੀ, ਉੱਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ, ਇਕ ਚੁੱਪ ਸੌ ਸੁੱਖ, ਈਦ ਪਿਛੋਂ ਤੰਬਾ ਫੂਕਣਾ।

ਮੁਹਾਵਰੇ : ਉਸਤਾਦੀ ਕਰਨਾ, ਉੱਲੂ ਬਣਾਉਣਾ, ਉਲਟੀ ਪੱਟੀ ਪੜ੍ਹਾਉਣਾ, ਉਂਗਲਾਂ ਟੁਕਣਾ, ਅੱਖਾਂ ਮੀਟ ਜਾਣਾ, ਅੱਗ ਦੇ ਭਾਅ ਹੋਣਾ, ਅੱਖਾਂ ਫੇਰ ਲੈਣਾ, ਸ਼ਰਮ ਨਾਲ ਪਾਣੀ ਪਾਣੀ ਹੋਣਾ। 5+5=10



www.a2zpapers.com www.a2zpapers.com
oad free old Question papers gndu, ptu hp board, punjab
www.a2zpapers.com